**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 23.09.2011 ਨੂੰ ਹੋਈ 45ਵੀਂ ਮੀਟਿੰਗ ਦੀ ਕਾਰਵਾਈ ।**

ਮਿਤੀ 23.09.2011 ਨੂੰ ਮੁੱਖ ਮੰਤਰੀ ਪੰਜਾਬ-ਕਮ-ਚੇਅਰਮੈਨ, ਪੁੱਡਾ ਸ਼੍ਰੀ ਪਰਕਾਸ਼ ਸਿੰਘ ਬਾਦਲ ਜੀ ਦੀ ਪ੍ਰਧਾਨਗੀ ਹੇਠ ਅਥਾਰਿਟੀ ਦੀ 45ਵੀਂ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਵੀ ਭਾਗ ਲਿਆ:-

| **ਲੜੀ ਨੰ** | **ਅਧਿਕਾਰੀ ਦਾ ਨਾਮ ਅਤੇ ਅਹੁਦਾ** | **ਅਹੁਦਾ** |
|---|---|---|
| 1. | ਸ਼੍ਰੀ ਐਸ. ਸੀ. ਅਗਰਵਾਲ, ਆਈ.ਏ.ਐਸ.<br>ਮੁੱਖ ਸਕੱਤਰ, ਪੰਜਾਬ । | ਵਿਸ਼ੇਸ਼ ਮਹਿਮਾਨ |
| 2. | ਸ਼੍ਰੀ ਕੇ.ਬੀ.ਐਸ. ਸਿੱਧੂ, ਆਈ.ਏ.ਐਸ.<br>ਪ੍ਰਮੁੱਖ ਸਕੱਤਰ (ਵਿੱਤ), ਪੰਜਾਬ | ਮੈਂਬਰ |
| 3. | ਡਾ. ਐਸ.ਐਸ. ਸੰਧੂ, ਆਈ.ਏ.ਐਸ.<br>ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ<br>ਵਿਭਾਗ, ਪੰਜਾਬ-ਕਮ- ਵਾਈਸ ਚੇਅਰਮੈਨ, ਪੁੱਡਾ। | ਮੈਂਬਰ |
| 4. | ਸ਼੍ਰੀ ਅਰੁਨਜੀਤ ਸਿੰਘ ਮਿਗਲਾਨੀ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ । | ਮੈਂਬਰ |
| 5. | ਸ਼੍ਰੀ ਸੁੱਖਮੰਦਰ ਸਿੰਘ, ਪੀ.ਸੀ.ਐਸ.<br>ਉਪ ਸਕੱਤਰ, ਸਥਾਨਕ ਸਰਕਾਰ, ਪੰਜਾਬ,<br>ਚੰਡੀਗੜ੍ਹ ।<br>(ਸਕੱਤਰ ਸਥਾਨਕ ਸਰਕਾਰ ਪੰਜਾਬ, ਜੀ ਦਾ ਨੁਮਾਇੰਦਾ) | ਮੈਂਬਰ |
| 6. | ਸ਼੍ਰੀ ਕੁਲਦੀਪ ਸਿੰਘ,<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |

**ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮਾਂ ਅਨੁਸਾਰ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-**

**ਅਜੰਡਾ ਆਈਟਮ ਨੰ: 45.01**

**ਵਿਸ਼ਾ: ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ 44ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਿਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 45.02**

**ਵਿਸ਼ਾ: ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ ਦੀ ਮਿਤੀ 17.06.2011 ਨੂੰ ਹੋਈ 44ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ ਦਾ ਮੱਦਵਾਰ ਵਿਵਰਣ।**

ਅਥਾਰਿਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ: 45.03**

**ਵਿਸਾ:- ਪੁੱਡਾ ਵਿੱਚ ਦੂਜੇ ਮਹਿਕਮਿਆਂ ਤੋਂ ਪੱਕੇ ਤੌਰ ਤੇ ਮਰਜ ਹੋਏ ਕਰਮਚਾਰੀਆਂ ਨੂੰ ਪੁੱਡਾ ਕਰਮਚਾਰੀਆਂ ਲਈ ਪਲਾਟਾਂ ਦੀ ਉਲੀਕੀ ਗਈ ਸਕੀਮ ਵਿੱਚ 5 ਸਾਲ ਦੀ ਸੇਵਾ ਤੋਂ ਛੋਟ ਦੇਣ ਸਬੰਧੀ ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 45.04**

**ਵਿਸ਼ਾ: ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਕਮੇਟੀ ਦੀ 37ਵੀਂ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਬਾਰੇ।**

ਅਥਾਰਿਟੀ ਵੱਲੋਂ ਇਸ ਮੱਦ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪੰਜਾਬ ਵਿਧਾਨ ਸਭਾ ਦੀ ਕਮੇਟੀ ਵੱਲੋਂ ਕੀਤੀ ਗਈ ਸਿਫਾਰਸ਼ਾਂ ਨੂੰ ਲਾਗੂ ਕਰਨ ਨਾਲ ਮੌਜੂਦਾ ਕਰਮਚਾਰੀਆਂ ਨੂੰ ਆਉਣ ਵਾਲਿਆਂ ਮੁਸ਼ਕਿਲਾਂ ਨੂੰ ਵੇਖਦੇ ਹੋਏ ਪੰਜਾਬ ਵਿਧਾਨ ਸਭਾ ਦੀ ਕਮੇਟੀ ਨੂੰ ਇਸ ਬਾਰੇ ਮੁੜ ਗੌਰ ਕਰਨ ਲਈ ਬੇਨਤੀ ਕਰਨ ਦਾ ਫੈਸਲਾ ਕੀਤਾ ਗਿਆ।

**ਅਜੰਡਾ ਆਇਟਮ: 45.05**

**ਵਿਸਾ: ਸਹਾਇਕ ਜਨਰਲ ਮੈਨੇਜਰ (ਐਚ.ਆਰ) ਦੀ ਅਸਾਮੀ ਨੂੰ ਕੰਟਰੈਕਟ ਬੇਸਿਜ ਤੇ ਭਰਨ ਦੀ ਬਜਾਏ ਸਹਾਇਕ ਮੈਨੇਜਰ ਦੀ ਅਸਾਮੀ ਤੋਂ ਪਦ ਉਨਤੀ ਰਾਹੀਂ ਭਰਨ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

***ਸਪਲੀਮੈਂਟਰੀ ਅਜੰਡਾ ਨੰ: 1***

**ਅਜੰਡਾ ਆਈਟਮ ਨੰਬਰ: 45.06**

**ਵਿਸ਼ਾ: ਸਥਾਨਕ ਸਰਕਾਰ ਵਿਭਾਗ, ਪੰਜਾਬ ਅਧੀਨ ਗਠਿਤ ਪੀ.ਐਮ.ਆਈ.ਡੀ.ਸੀ. ਨੂੰ ਪੁੱਡਾ ਅਤੇ ਹੋਰ ਅਥਾਰਿਟੀਆਂ ਵੱਲੋਂ ਕਰਜਾ ਦੇਣ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 45.07**

**ਵਿਸ਼ਾ : ਓ.ਯੂ.ਵੀ.ਜੀ. ਐਲ. ਸਕੀਮ ਅਧੀਨ 6.00 ਕਰੋੜ ਰੁਪਏ ਦੀ ਰਾਸੀ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਕਾਰਜਬਾਅਦ ਪ੍ਰਵਾਨਗੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 45.08**

**ਵਿਸ਼ਾ : ਪੁੱਡਾ ਵਲੋਂ ਓ.ਯੂ.ਵੀ.ਜੀ.ਐਲ. ਸਕੀਮ ਤਹਿਤ ਵੱਖ-ਵੱਖ ਕੰਮਾਂ ਲਈ ਕੀਤੀਆਂ ਅਦਾਇਗੀਆਂ ਦੀ ਕਾਰਜ ਬਾਅਦ ਪ੍ਰਵਾਨਗੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 45.09**

**ਵਿਸ਼ਾ : ਪੁੱਡਾ ਵਲੋਂ ਸੋਸਲ ਇਨਫਰਾਸਟਰਕਚਰ ਫੰਡ (ਐਸ.ਆਈ.ਐਫ.) ਵਿੱਚੋਂ ਜਾਰੀ ਕੀਤੀ ਰਕਮ ਸਬੰਧੀ।**

ਅਥਾਰਿਟੀ ਵੱਲੋਂ ਇਸ ਮੱਦ ਵਿੱਚ ਸੋਸਲ ਇਨਫਰਾਸਟਰਕਚਰ ਫੰਡ ਅਧੀਨ ਰਲੀਜ ਕੀਤੇ ਗਏ ਫੰਡਜ਼ ਬਾਰੇ ਜਾਣਕਾਰੀ ਨੂੰ ਨੋਟ ਕੀਤਾ ਗਿਆ। ਨਵੇਂ ਮਕਾਨਾਂ ਦੀ ਉਸਾਰੀ ਲਈ ਮੱਦ ਵਿੱਚ ਤਜਵੀਜਤ 35,000/- ਰੁਪਏ ਦੀ ਥਾਂ ਤੇ ਵੱਧ ਤੋਂ ਵੱਧ 50,000/- ਰੁਪਏ ਪ੍ਰਤੀ ਘਰ ਅਤੇ ਘਰਾਂ ਦੀ ਰਿਪੇਅਰ ਵਾਸਤੇ 15,000/- ਰੁਪਏ ਪ੍ਰਤੀ ਘਰ ਦੇਣ ਦਾ ਫੈਸਲਾ ਕੀਤਾ ਗਿਆ । ਲੇਕਿਨ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਤੇ ਅਸਾਧਾਰਨ (exceptional) ਕੇਸਾਂ ਵਿੱਚ ਜਿਆਦਾ ਰਕਮ ਦੇਣ ਬਾਰੇ ਸਹਿਮਤੀ ਨਹੀਂ ਦਿੱਤੀ ਗਈ।

***ਸਪਲੀਮੈਂਟਰੀ ਅਜੰਡਾ ਨੰ: 2***

**ਅਜੰਡਾ ਆਈਟਮ ਨੰ: 45.10**

**ਵਿਸ਼ਾ :** **ਅਥਾਰਿਟੀ ਕਰਮਚਾਰੀ ਸਰਵਿਸ ਰੈਗੂਲੇਸਨਜ, 1999 ਵਿੱਚ ਸੋਧ ਕਰਨ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਿਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

***ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ*** ।

**ਪਰਕਾਸ਼ ਸਿੰਘ ਬਾਦਲ**
**ਮੁੱਖ ਮੰਤਰੀ, ਪੰਜਾਬ-ਕਮ-**
**ਚੇਅਰਮੈਨ, ਪੁੱਡਾ।**